ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ





ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


### -ਪੰਜਾਬ ਤੇ ਹੋਵੇਗਾ ਜਿਆਦਾ ਅਸਰ, 25 ਲੱਖ ਵਿੱਚ ਵਿਕਦੀ ਸੀ ਐਲ. ਐਮ .ਆਈ. ਏ

# ਕੈਨੇਡਾ ਦੇ ਪ੍ਰਧਾਨ ਮੰਤਰੀ ਪਰਵਾਸੀਆਂ ਦੇ ਲਈ ਲਗਾਤਾਰ ਨਿਯਮਾਂ ਨੂੰ ਕਰ ਰਹੇ ਨੇ ਸਖਤ

ਰੋਜ਼ਾਨਾ ਵਿਸ਼ਵ ਪੰਜਾਬੀ ਸਾਂਝ

ਜਲੰਧਰ 26 ਅਕਤੂਬਰ (ਵਿਸ਼ਵ ਪੰਜਾਬੀ ਸਾਂਝ,ਕੈਨੇਡਾ )-ਕੈਨੇਡਾ ਨੇ ਪ੍ਰਵਾਸੀਆਂ 'ਤੇ ਨਿਰਭਰਤਾ ਘਟਾਉਣੀ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਦਾ ਸਭ ਤੋਂ ਵੱਡਾ ਝਟਕਾ ਪੰਜਾਬ ਨੂੰ ਲੱਗਣ ਵਾਲਾ ਹੈ। ਕੈਨੇਡੀਅਨ ਸਰਕਾਰ L.M.I.A. 'ਤੇ ਸਖਤੀ ਕਰਨ ਜਾ ਰਹੀ ਹੈ। ਕੈਨੇਡਾ ਸਰਕਾਰ ਲੇਬਰ ਮਾਰਕੀਟ ਮੇਕਰ ਅਸੈਸਮੈਂਟ ਦੀ ਦੁਰਵਰਤੋਂ 'ਤੇ ਸਖ਼ਤ ਹੋ ਗਈ ਹੈ। ਕਿਉਂਕਿ ਇਸਦੇ ਜ਼ਰੀਏ ਵੱਡੀ ਗਿਣਤੀ ਵਿਚ ਪੰਜਾਬੀ ਮੂਲ ਦੇ ਘੱਟ ਪੜ੍ਹੇ-ਲਿਖੇ ਲੋਕ 25 ਲੱਖ ਰੁਪਏ ਖਰਚ ਕੇ ਕੈਨੇਡਾ ਵਿਚ ਨੌਕਰੀ ਹਾਸਲ ਕਰਦੇ ਸਨ ਅਤੇ ਬਾਅਦ ਵਿਚ ਉਥੇ ਪੀ.ਆਰ. ਮਿਲ ਜਾਂਦੀ ਸੀ, ਪਰ ਹੁਣ ਨੌਕਰੀਆਂ ਵਿੱਚ ਕੈਨੇਡੀਅਨ ਨਾਗਰਿਕਾਂ ਨੂੰ ਵੱਧ ਤੋਂ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਇਸ ਦਾ ਸਿੱਧਾ ਅਸਰ ਵਿਦੇਸ਼ੀ ਨਾਗਰਿਕਾਂ ਸਮੇਤ ਭਾਰਤੀਆਂ 'ਤੇ ਪੈਣ ਵਾਲਾ ਹੈ, ਜੋ ਕੰਮ ਕਰਨ ਲਈ ਕੈਨੇਡਾ ਆਉਣਾ ਚਾਹੁੰਦੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੁੱਧਵਾਰ ਨੂੰ 2025 ਤੋਂ ਸ਼ੁਰੂ ਹੋਣ ਵਾਲੇ ਇਮੀਗ੍ਰੇਸ਼ਨ ਸੰਖਿਆਂ ਨੂੰ ਘਟਾਉਣ ਦੀ ਯੋਜਨਾ ਦਾ ਐਲਾਨ ਕੀਤਾ। ਟਰੂਡੋ ਦਾ ਇਹ ਐਲਾਨ ਅਜਿਹੇ ਸਮੇਂ 'ਚ ਹੋਇਆ ਹੈ, ਜਦੋਂ ਭਾਰਤ ਕੈਨੇਡਾ ਵਿੱਚ ਤਨਾਅ ਸਿਖਰ ਤੇ ਹੈ ਅਤੇ ਦੋਵੇਂ ਦੇਸ਼ ਇੱਕ ਦੂਜੇ ਤੇ ਇਲਜਾਮ ਲਗਾ ਰਹੇ ਹਨ।ਇੰਨਾ ਹੀ ਨਹੀਂ ਹੁਣ ਕੈਨੇਡਾ ਵਿੱਚ ਪੀਆਰ ਅਰਜ਼ੀਆਂ ਵਿੱਚ 21 ਫੀਸਦੀ ਦੀ ਕਟੌਤੀ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਕਟੌਤੀ ਉਹਨਾਂ ਲਈ ਇੱਕ ਝਟਕਾ ਹੈ ਜੋ ਆਪਣੇ ਬੱਚਿਆਂ ਕੋਲ ਪੀਆਰ ਲੈ ਕੇ ਜਾਣ ਦੀ ਯੋਜਨਾ ਬਣਾ ਰਹੇ ਸਨ। ਕੈਨੇਡਾ ਵਿੱਚ 2025 ਵਿੱਚ ਸਿਰਫ਼ 3,95,000 ਲੋਕਾਂ ਨੂੰ ਸਥਾਈ ਨਿਵਾਸ ਦਿੱਤਾ ਜਾਵੇਗਾ। ਆਉਣ ਵਾਲੇ ਸਾਲਾਂ ਵਿੱਚ ਇਸ ਵਿੱਚ ਹੋਰ ਵੀ ਵੱਡੀ ਗਿਰਾਵਟ ਦੇਖਣ ਨੂੰ ਮਿਲੇਗੀ। ਜਿਵੇਂ ਕਿ 2026 ਵਿੱਚ ਸਿਰਫ਼ 3,80,000 ਲੋਕਾਂ ਨੂੰ ਅਤੇ ਫਿਰ 2027 ਵਿੱਚ 3,65,000 ਲੋਕਾਂ ਨੂੰ ਸਥਾਈ ਨਿਵਾਸ ਦੇਣ ਦੀ ਯੋਜਨਾ ਹੈ।ਇਹ ਦਰਸਾਉਂਦਾ ਹੈ ਕਿ ਕੈਨੇਡਾ ਹੁਣ ਪੀਆਰ ਦੇਣ ਵਿੱਚ ਕਟੌਤੀ ਕਰ ਰਿਹਾ ਹੈ, ਕਿਉਂਕਿ ਇਸ ਸਾਲ 2024 ਵਿੱਚ 4,85,000 ਲੋਕਾਂ ਨੂੰ ਪੀਆਰ ਦੇਣ ਦਾ ਟੀਚਾ ਸੀ। ਇਕੱਲੇ ਇਹ ਸੰਖਿਆ 2025 ਵਿਚ 30 ਹਜ਼ਾਰ ਤੱਕ ਘਟਾਈ ਜਾ ਰਹੀ ਹੈ। ਕੈਨੇਡਾ ਦੇ ਸੀਨੀਅਰ ਲੇਖਕ ਸੁਖਵਿੰਦਰ ਸਿੰਘ ਚੌਹਲਾ ਦਾ ਕਹਿਣਾ ਹੈ ਕਿ ਕੈਨੇਡੀਅਨ ਨਾਗਰਿਕਾਂ ਦੀ ਤਰਫੋਂ ਸਰਕਾਰ 'ਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਰਿਹਾਇਸ਼ੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਕਾਰਨ ਵੱਡੀ ਗਿਣਤੀ ਵਿੱਚ ਪ੍ਰਵਾਸੀਆਂ ਦੀ ਆਮਦ ਹੈ



ਰਿਸ਼ਤੇ ਵਿੱਚ ਦਰਾਰ

## ਕੀ ਹੈ L.M.I.A.

ਇੱਕ ਕੈਨੇਡੀਅਨ ਕੰਪਨੀ ਕਿਸੇ ਅਹੁਦੇ ਲਈ ਇੱਕ ਕਰਮਚਾਰੀ ਦੀ ਭਾਲ ਕਰਦੀ ਹੈ। ਜੇਕਰ ਯੋਗ ਕਰਮਚਾਰੀ ਨਾ ਮਿਲੇ ਤਾਂ ਕੰਪਨੀ ਚਾਰ ਮਹੀਨਿਆਂ ਲਈ ਇਸ਼ਤਿਹਾਰ ਦੇ ਕੇ ਆਪਣੀਆਂ ਰਸਮਾਂ ਪੂਰੀਆਂ ਕਰਦੀ ਹੈ। ਇਸ ਤੋਂ ਬਾਅਦ ਕੰਪਨੀ ਵੱਲੋਂ ਕੈਨੇਡਾ ਸਰਕਾਰ ਨੂੰ ਇੱਕ ਅਰਜ਼ੀ ਦਿੱਤੀ ਜਾਂਦੀ ਹੈ ਕਿ ਉਹਨਾਂ ਨੂੰ ਕਿਸੇ ਹੋਰ ਦੇਸ਼ ਤੋਂ ਕਰਮਚਾਰੀ ਲਿਆਉਣ ਦੀ ਇਜਾਜ਼ਤ ਦਿੱਤੀ ਜਾਵੇ ਕਿਉਂਕਿ ਕੈਨੇਡਾ ਵਿੱਚ ਢੁਕਵਾ ਕਰਮਚਾਰੀ ਲੱਭਣ ਵਿੱਚ ਅਸਮਰੱਥ ਹਨ। ਇਸ ਵਿੱਚ ਲਗਭਗ 2 ਮਹੀਨੇ ਲੱਗਦੇ ਹਨ। ਇਸ ਤੋਂ ਬਾਅਦ ਕੈਨੇਡਾ ਸਰਕਾਰ ਕਿਸੇ ਹੋਰ ਦੇਸ਼ ਤੋਂ ਕਰਮਚਾਰੀ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦੀ ਹੈ। ਇਸਨੂੰ L.M.I.A. ਕਿਹਾ ਜਾਂਦਾ ਹੈ।

## ਸਿੱਖਾਂ ਦਾ ਵੋਟ ਹਾਸਲ ਕਰਨ ਲਈ ਰਿਸ਼ਤੇ ਕੀਤੇ ਗਏ ਖ਼ਰਾਬ

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਕੈਪਟਨ ਨੇ ਕਿਹਾ ਕਿ ਸਿੱਖਾਂ ਦੀਆਂ ਵੋਟਾਂ ਲੈਣ ਅਤੇ ਖਾਲਿਸਤਾਨੀ ਸਮਰਥਕਾਂ ਦੀ ਹਮਾਇਤ ਹਾਸਲ ਕਰਨ ਲਈ ਟਰੂਡੋ ਨੇ ਭਾਰਤ-ਸਿੱਖ ਸਬੰਧਾਂ ਨੂੰ ਵਿਗਾੜਿਆ ਭਾਰਤ ਕੈਨੇਡਾ ਦੇ ਰਿਸ਼ਤੇ ਵਿਗਾੜ ਦਿੱਤੇ। ਕੈਨੇਡਾ ਵਿੱਚ ਚੋਣਾਂ ਹੋਣ ਵਾਲੀਆਂ ਹਨ, ਇਸ ਲਈ ਟਰੂਡੋ ਨੇ ਇਹ ਚਾਲ ਖੇਡ ਕੇ ਚੋਣਾਂ ਜਿੱਤਣ ਲਈ ਸਾਜ਼ਿਸ਼ ਰਚੀ ਹੈ।




# ਡਾਕਟਰ ਦਲਬੀਰ ਸਿੰਘ ਕਥੂਰੀਆ ਬਰੈਂਪਟਨ ਬਿਜਨਸ ਕਮਿਊਨਿਟੀ ਐਕਸੀਲੈਂਸ ਅਵਾਰਡ ਨਾਲ ਸਨਮਾਨਿਤ



ਰੋਜ਼ਾਨਾ ਵਿਸ਼ਵ ਪੰਜਾਬੀ ਸਾਂਝ

ਬਰੈਂਪਟਨ 26 ਅਕਤੂਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ) - ਬਰੈਂਪਟਨ ਰੈਜੀਡੈਂਸ ਐਸੋਸੀਏਸ਼ਨ ਕੌਂਸਲ ਵੱਲੋਂ ਵਿਸ਼ਵ ਪੰਜਾਬੀ ਸਭਾ ਚੇਅਰਮੈਨ ਅਤੇ ਕੈਸ਼ ਐਂਡ ਕੈਰੀ ਦੇ ਸੀ.ਈ.ਓ. ਡਾਕਟਰ ਦਲਬੀਰ ਸਿੰਘ ਕਥੂਰੀਆ ਨੂੰ ਬਰੈਂਪਟਨ ਬਿਜ਼ਨਸ ਕਮਿਊਨਿਟੀ ਐਕਸੀਲੈਂਸ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਇਹ ਅਵਾਰਡ ਉਹਨਾਂ ਨੂੰ ਬਿਹਤਰੀਨ ਸਰਵਿਸ ਅਤੇ ਕਮਿਊਨਿਟੀ ਪ੍ਰਤਿ ਸਮਰਪਿਤ ਭਾਵਨਾ ਨੂੰ ਦੇਖਦੇ ਹੋਏ ਦਿੱਤਾ ਗਿਆ।













# ਬਠਿੰਡਾ 'ਚ 'ਦ ਬਰਨਿੰਗ ਟਰੇਨ' ਬਣੀ ਮਾਲ ਗੱਡੀ, ਤੇਲ ਨਾਲ ਭਰੇ ਸੱਤ ਟੈਂਕਰਾਂ ਨੂੰ ਲੱਗੀ ਭਿਆਨਕ ਅੱਗ




-ਬਠਿੰਡਾ : : 26 ਅਕਤੂਬਰ (ਵਿਸ਼ਵ ਪੰਜਾਬੀ ਸਾਂਝ,ਕੈਨੇਡਾ ) ਹਿਸਾਰ ਤੋਂ ਕੱਚਾ ਤੇਲ ਲੈ ਕੇ ਬਠਿੰਡਾ ਰਿਫਾਇਨਰੀ ਵੱਲ ਜਾ ਰਹੀ ਮਾਲ ਗੱਡੀ 'ਚ ਸ਼ੁੱਕਰਵਾਰ ਰਾਤ ਅਚਾਨਕ ਅੱਗ ਲੱਗ ਗਈ। ਤੇਲ ਲੀਕ ਹੋਣ ਕਾਰਨ ਮਾਲ ਗੱਡੀ 'ਤੇ ਲੱਦੇ ਤੇਲ ਦੇ ਸੱਤ ਟੈਂਕਰ ਅੱਗ ਦੀ ਲਪੇਟ 'ਚ ਆ ਗਏ। ਖ਼ੁਸ਼ਕਿਸਮਤੀ ਇਹ ਰਹੀ ਕਿ ਮਾਲ ਗੱਡੀ ਨੇੜੇ ਕੋਈ ਯਾਤਰੀ ਟਰੇਨ ਨਹੀਂ ਸੀ, ਨਹੀਂ ਤਾਂ ਵੱਡਾ ਹਾਦਸਾ ਹੋ ਸਕਦਾ ਸੀ। ਮਾਲ ਗੱਡੀ ਨੂੰ ਅੱਗ ਬਠਿੰਡਾ ਸਟੇਸ਼ਨ 'ਤੇ ਪੁੱਜਣ ਤੋਂ ਪਹਿਲਾਂ ਲੱਗੀ ਪਰ ਪਤਾ ਬਠਿੰਡਾ ਪਹੁੰਚਣ 'ਤੇ ਲੱਗਾ। ਥਾਣਾ ਕੈਨਾਲ ਇੰਚਾਰਜ ਐੱਸਆਈ ਹਰਜੀਵਨ ਸਿੰਘ ਨੇ ਦੱਸਿਆ ਕਿ ਸ਼ੁੱਕਰਵਾਰ ਰਾਤ ਲਗਪਗ ਸਾਢੇ 10 ਵਜੇ ਪੰਜਾਬ ਪੁਲਿਸ ਦੀ ਪੀਸੀਆਰ ਦੇ ਕਰਮਚਾਰੀ ਪਟਿਆਲਾ ਰੇਲਵੇ ਫਾਟਕ ਕੋਲ ਖੜ੍ਹੇ ਸਨ। ਇਸ ਦੌਰਾਨ ਪੁਲਿਸ ਮੁਲਾਜ਼ਮਾਂ ਨੇ ਦੇਖਿਆ ਕਿ ਮਾਲ ਗੱਡੀ 'ਬਰਨਿੰਗ ਟਰੇਨ' ਬਣ ਕੇ ਪਟੜੀ 'ਤੇ ਦੌੜ ਰਹੀ ਸੀ। ਤੁਰੰਤ ਕੰਟਰੋਲ ਰੂਮ ਤੇ ਫਾਇਰ ਵਿਭਾਗ ਨੂੰ ਸੂਚਨਾ ਦਿੱਤੀ। ਮੌਕੇ 'ਤੇ ਪੁੱਜੀਆਂ ਫਾਇਰ ਵਿਭਾਗ ਦੀਆਂ ਗੱਡੀਆਂ ਨੇ ਕੁਝ ਦੇਰ 'ਚ ਅੱਗ 'ਤੇ ਕਾਬੂ ਪਾ ਲਿਆ। ਰੇਲਵੇ ਵਿਭਾਗ ਦੇ ਉੱਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਗ ਕਿਵੇਂ ਲੱਗੀ, ਇਸ ਦੀ ਜਾਂਚ ਕੀਤੀ ਜਾਵੇਗੀ ਜਿਸ ਦੀ ਵੀ ਲਾਪਰਵਾਹੀ ਸਾਹਮਣੇ ਆਵੇਗੀ, ਉਸ 'ਤੇ ਕਾਰਵਾਈ ਕੀਤੀ ਜਾਵੇਗੀ।


## ਮੈਕਸੀਕੋ: ਸੜਕ ਹਾਦਸੇ ਵਿੱਚ ਦੋ ਦਰਜਨ ਹਲਾਕ; ਪੰਜ ਜ਼ਖ਼ਮੀ



ਮੈਕਸੀਕੋ ਸਿਟੀ, 26 ਅਕਤੂਬਰ,(ਵਿਸ਼ਵ ਪੰਜਾਬੀ ਸਾਂਝ,ਕੈਨੇਡਾ ) ਇੱਥੋਂ ਦੇ ਕੇਂਦਰੀ ਸੂਬੇ ਜ਼ਕਾਤੇਕਾਸ ਵਿੱਚ ਸ਼ਨਿਚਰਵਾਰ ਨੂੰ ਹਾਈਵੇਅ 'ਤੇ ਇੱਕ ਬੱਸ ਹਾਦਸਾਗ੍ਰਸਤ ਹੋ ਗਈ ਜਿਸ ਕਾਰਨ 24 ਲੋਕਾਂ ਦੀ ਮੌਤ ਹੋ ਗਈ ਅਤੇ ਪੰਜ ਜ਼ਖਮੀ ਹੋ ਗਏ। ਇਸ ਬਾਰੇ ਜਾਣਕਾਰੀ ਸੂਬੇ ਦੇ ਗਵਰਨਰ ਡੇਵਿਡ ਮੋਨਰੀਅਲ ਨੇ ਐਕਸ 'ਤੇ ਪੋਸਟ ਅਪਲੋਡ ਕਰਦਿਆਂ ਦਿੱਤੀ।





# ਅਕਾਲੀ ਦਲ ਦੇ ਮੈਦਾਨ ਤੋਂ ਹਟਣ ਕਾਰਨ 'ਆਪ' ਤੇ ਕਾਂਗਰਸ ਦੀ ਵਧੀ ਚਿੰਤਾ




ਚੰਡੀਗੜ੍ਹ :26 ਅਕਤੂਬਰ(ਵਿਸ਼ਵ ਪੰਜਾਬੀ ਸਾਂਝ,ਕੈਨੇਡਾ ) ਪੰਜਾਬ ਦੀਆਂ ਚਾਰ ਸੀਟਾਂ 'ਤੇ ਹੋਣ ਵਾਲੀਆਂ ਵਿਧਾਨ ਸਭਾ ਜ਼ਿਮਨੀ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੈਦਾਨ-ਏ-ਜੰਗ ਤੋਂ ਹਟਣ ਕਾਰਨ ਆਮ ਆਦਮੀ ਪਾਰਟੀ ਤੇ ਕਾਂਗਰਸ ਦੀ ਚਿੰਤਾ ਵਧਦੀ ਜਾ ਰਹੀ ਹੈ। ਇਨ੍ਹਾਂ ਪਾਰਟੀਆਂ ਨੂੰ ਲੱਗਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਵੋਟ ਬੈਂਕ ਭਾਜਪਾ ਦੇ ਖਾਤੇ 'ਚ ਜਾ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਅਕਾਲੀ ਦਲ ਤੇ ਭਾਜਪਾ ਦਾ ਢਾਈ ਦਹਾਕਿਆਂ ਤੋਂ ਗਠਜੋੜ ਹੈ ਅਤੇ ਦੋਵਾਂ ਪਾਰਟੀਆਂ ਦੇ ਆਗੂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਭਾਰਤੀ ਜਨਤਾ ਪਾਰਟੀ ਨੇ ਵੀ ਚਾਰ ਵਿੱਚੋਂ ਤਿੰਨ ਸੀਟਾਂ 'ਤੇ ਅਜਿਹੇ ਉਮੀਦਵਾਰ ਉਤਾਰੇ ਹਨ ਜੋ ਕਿਸੇ ਸਮੇਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਰਹੇ ਹਨ। ਗਿੱਦੜਬਾਹਾ 'ਚ ਮਨਪ੍ਰੀਤ ਬਾਦਲ, ਡੇਰਾ ਬਾਬਾ ਨਾਨਕ 'ਚ ਰਵੀ ਕਰਨ ਕਾਹਲੋਂ ਤੇ ਚੱਬੇਵਾਲ 'ਚ ਸੋਹਣ ਸਿੰਘ ਠੰਡਲ ਤਿੰਨੋਂ ਹੀ ਸ਼੍ਰੋਮਣੀ ਅਕਾਲੀ ਦਲ 'ਚੋਂ ਆਏ ਹਨ ਤੇ ਅਕਾਲੀ ਵਰਕਰਾਂ ਦੇ ਵੀ ਨੇੜੇ ਰਹੇ ਹਨ। ਮਨਪ੍ਰੀਤ ਬਾਦਲ ਉਨ੍ਹਾਂ ਵਿੱਚੋਂ ਇਕ ਹਨ ਜਿਨ੍ਹਾਂ ਨੂੰ ਅਕਾਲੀ ਦਲ ਛੱਡਿਆਂ ਲੰਮਾ ਸਮਾਂ ਬੀਤ ਗਿਆ ਹੈ ਪਰ ਉਹ ਗਿੱਦੜਬਾਹਾ ਸੀਟ 'ਤੇ ਹੀ ਸ਼ ?ਰੋਅਦ ਦੀ ਚਾਰ ਵਾਰ ਨੁਮਾਇੰਦਗੀ ਕਰ ਚੁੱਕੇ ਹਨ। ਉਹ ਹਰ ਘਰ ਨੂੰ ਜਾਣਦੇ ਹਨ। ਇਸੇ ਤਰ੍ਹਾਂ ਡੇਰਾ ਬਾਬਾ ਨਾਨਕ ਸੀਟ ਤੋਂ ਰਵਿ ਕਰਨ ਕਾਹਲੋਂ ਵੀ ਲੰਮੇ ਸਮੇਂ ਤੋਂ ਅਕਾਲੀ ਦਲ 'ਚ ਹਨ। ਉਨ੍ਹਾਂ ਦੇ ਪਿਤਾ ਨਿਰਮਲ ਸਿੰਘ ਕਾਹਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਤੇ ਸਾਬਕਾ ਮੰਤਰੀ ਵੀ ਰਹਿ ਚੁੱਕੇ ਹਨ। ਰਵਿ ਕਰਨ ਦੇ ਭਾਜਪਾ ਦੇ ਵੱਡੇ ਨੇਤਾਵਾਂ ਨਾਲ ਵੀ ਸਿੱਧੇ ਸਬੰਧ ਹਨ। ਚੱਬੇਵਾਲ ਸੀਟ ਤੋਂ ਚੋਣ ਲੜ ਰਹੇ ਭਾਜਪਾ ਦੇ ਸੋਹਣ ਸਿੰਘ ਠੰਡਲ ਤਿੰਨ ਦਿਨ ਪਹਿਲਾਂ ਤਕ ਅਕਾਲੀ ਦਲ 'ਚ ਸਨ। ਇਸੇ ਤਰ੍ਹਾਂ ਡੇਰਾ ਬਾਬਾ ਨਾਨਕ ਸੀਟ ਤੋਂ ਰਵਿ ਕਰਨ ਕਾਹਲੋਂ ਵੀ ਲੰਮੇ ਸਮੇਂ ਤੋਂ ਅਕਾਲੀ ਦਲ 'ਚ ਰਹੇ ਹਨ। ਉਨ੍ਹਾਂ ਦੇ ਪਿਤਾ ਨਿਰਮਲ ਸਿੰਘ ਕਾਹਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਤੇ ਸਾਬਕਾ ਮੰਤਰੀ ਵੀ ਰਹਿ ਚੁੱਕੇ ਹਨ। ਰਵਿ ਕਰਨ ਦੇ ਭਾਜਪਾ ਦੇ ਵੱਡੇ ਨੇਤਾਵਾਂ ਨਾਲ ਵੀ ਸਿੱਧੇ ਸਬੰਧ ਰਹੇ ਹਨ। ਚੱਬੇਵਾਲ ਸੀਟ ਤੋਂ ਚੋਣ ਲੜ ਰਹੇ ਭਾਜਪਾ ਦੇ ਸੋਹਣ ਸਿੰਘ ਠੰਡਲ ਤਿੰਨ ਦਿਨ ਪਹਿਲਾਂ ਤਕ ਅਕਾਲੀ ਦਲ 'ਚ ਹੀ ਸਨ। ਉਹ ਵੀ ਅਕਾਲੀ ਸਰਕਾਰ 'ਚ ਮੰਤਰੀ ਰਹਿ ਚੁ4ਕੇ ਹਨ। ਭਾਜਪਾ ਲਈ ਦਿੱਕਤ ਦੀ ਗੱਲ ਸਿਰਫ਼ ਇਹ ਹੈ ਕਿ ਇਹ ਤਿੰਨੋਂ ਸੀਟਾਂ ਨਿਰੋਲ ਪੇਂਡੂ ਸੀਟਾਂ ਹਨ ਤੇ ਤਿੰਨ ਖੇਤੀ ਕਾਨੂੰਨਾਂ ਤੋਂ ਬਾਅਦ ਤੋਂ ਹੀ ਗ੍ਰਾਮੀਣ ਵਰਗ ਦੀ ਭਾਜਪਾ ਪ੍ਰਤੀ ਨਾਰਾਜ਼ਗੀ ਕਾਫੀ ਜ਼ਿਆਦਾ ਹੈ। ਇਨ੍ਹਾਂ ਤਿੰਨਾਂ ਉਮੀਦਵਾਰਾਂ ਨੂੰ ਅਕਾਲੀ ਦਲ ਦੇ ਵੋਟ ਬੈਂਕ ਨੂੰ ਪਾਰਟੀ 'ਚ ਲਿਆਉਣ ਲਈ ਆਪਣੀ ਪੂਰੀ ਤਾਕਤ ਨਾਲ ਯਤਨ ਕਰਨੇ ਪੈਣਗੇ, ਜੋ ਇਸ ਵਾਰ ਆਪਣੀ ਪਾਰਟੀ ਵੱਲੋਂ ਉਮੀਦਵਾਰ ਨਾ ਉਤਾਰਨ ਕਾਰਨ ਭੰਬਲਭੂਸੇ ਦੀ ਸਥਿਤੀ 'ਚ ਨਜ਼ਰ ਆ ਰਿਹਾ ਹੈ। ਸੱਤਾਧਾਰੀ ਆਮ ਆਦਮੀ ਪਾਰਟੀ ਤੇ ਕਾਂਗਰਸ ਦੀ ਇਹ ਸਭ ਤੋਂ ਵੱਡੀ ਚਿੰਤਾ ਹੈ। ਅਕਾਲੀ ਦਲ ਦਾ ਵੋਟ ਬੈਂਕ ਕਦੇ ਵੀ ਕਾਂਗਰਸ ਵੱਲ ਨਹੀਂ ਜਾਂਦਾ। ਇਹ ਸੱਤਾਧਾਰੀ 'ਆਪ' ਤੋਂ ਨਾਰਾਜ਼ ਹੈ ਤੇ ਭਾਜਪਾ ਤੋਂ ਨਾਰਾਜ਼ ਹੈ। ਅਜਿਹੇ 'ਚ ਦੇਖਣਾ ਇਹ ਹੋਵੇਗਾ ਕਿ ਤਿੰਨੋ ਉਮੀਦਵਾਰ ਆਪਣੇ ਪੁਰਾਣੇ ਰਿਸ਼ਤਿਆਂ ਦੀ ਗੱਲ ਕਰ ਕੇ ਲੋਕਾਂ ਨੂੰ ਆਪਣੇ ਵੱਲ ਕਿੰਨਾ ਕੁ ਲਿਆਉਂਦੇ ਹਨ। ਯਕੀਨਨ ਇਹ ਸਥਿਤੀ 'ਆਪ' ਤੇ ਕਾਂਗਰਸ ਦੀ ਚਿੰਤਾ ਵਧਾ ਰਹੀ ਹੈ ਬਰਨਾਲਾ ਸੀਟ ਸੈਮੀ ਅਰਬਨ ਹੈ। ਭਾਜਪਾ ਨੇ ਇਸ ਸੀਟ 'ਤੇ ਕਾਂਗਰਸ ਦੇ ਸਾਬਕਾ ਵਿਧਾਇਕ ਕੇਵਲ ਢਿੱਲੋਂ ਨੂੰ ਉਮੀਦਵਾਰ ਬਣਾਇਆ ਹੈ। ਇਸ ਸੀਟ 'ਤੇ ਉਨ੍ਹਾਂ ਦਾ ਚੰਗਾ ਆਧਾਰ ਹੈ। 'ਆਪ' ਵਿਧਾਇਕ ਮੀਤ ਹੇਅਰ ਲਗਾਤਾਰ ਦੋ ਵਾਰ ਉਨ੍ਹਾਂ ਨੂੰ ਹਰਾ ਚੁੱਕੇ ਹਨ। ਇਹ ਸੀਟ ਮੀਤ ਹੇਅਰ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ ਖਾਲੀ ਹੋਈ ਹੈ। ਮੀਤ ਹੇਅਰ ਨੂੰ ਵੀ ਪਾਰਲੀਮੈਂਟ ਚੋਣਾਂ ਦੌਰਾਨ ਇੱਥੋਂ ਚੰਗੀਆਂ ਵੋਟਾਂ ਮਿਲੀਆਂ ਸਨ ਪਰ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਦੀ ਬਗਾਵਤ ਕਾਰਨ 'ਆਪ' ਉਮੀਦਵਾਰ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।






# ਪੰਜਾਬ ਵਿੱਚ ਆਪ ਵਿਧਾਇਕ ਦੀ ਪਤਨੀ ਤੇ F.I.R ,ਬਜ਼ੁਰਗ N.R.I ਦੀ ਕੋਠੀ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਛੇੜਛਾੜ ਦਾ ਦਰਜ ਕਰਵਾਇਆ ਸੀ ਮਾਮਲਾ

ਰੋਜ਼ਾਨਾ ਵਿਸ਼ਵ ਪੰਜਾਬੀ ਸਾਂਝ

ਪੰਜਾਬ 26 ਅਕਤੂਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਕਸਬਾ ਸੁਧਾਰ ਦੇ ਥਾਣੇ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੀ ਪਤਨੀ ਗੁਰਪ੍ਰੀਤ ਕੌਰ ਗੁਰੀ ਸਮੇਤ ਸੱਤ ਲੋਕਾਂ ਦੇ ਖ਼ਲਾਫ਼ F.I.R ਦਰਜ਼ ਕੀਤੀ ਗਈ ਹੈ। ਸਾਰੇ ਮੁਲਜ਼ਮ ਫ਼ਰਾਰ ਹਨ। ਆਰੋਪੀਆਂ ਤੇ ਦੋਸ਼ ਹੈ ਕਿ ਉਕਤ ਸਾਰੇ ਮੁਲਜ਼ਮਾਂ ਨੇ ਬਜ਼ੁਰਗ ਐਨ ਆਰ ਆਈ ਨਛੱਤਰ ਸਿੰਘ ਦੀ ਕੋਠੀ ਤੇ ਫਰਜ਼ੀ ਦਸਤਾਵੇਜਾਂ ਦੇ ਅਧਾਰ ਤੇ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ।



## ਬਜ਼ੁਰਗ ਖਿਲਾਫ ਕਰਾਇਆ ਸੀ ਛੇੜਛਾੜ ਦਾ ਮਾਮਲਾ ਦਰਜ਼

ਗੁਰਪ੍ਰੀਤ ਕੌਰ ਗੁਰੀ ਨੇ ਇਸੇ ਬਜ਼ੁਰਗ ਐਨ ਆਰ ਆਈ ਨਛੱਤਰ ਸਿੰਘ ਦੇ ਖਿਲਾਫ 20 ਅਗਸਤ ਨੂੰ ਸ਼ਾਰੀਰਿਕ ਛੇੜਛਾੜ ਦਾ ਕੇਸ ਦਰਜ ਕਰਾਇਆ ਸੀ। ਹਾਲਾਂਕਿ ਐਨਆਰਆਈ ਨੂੰ ਇਸ ਮਾਮਲੇ ਵਿੱਚ ਅਦਾਲਤ ਤੋਂ ਜਮਾਨਤ ਮਿਲ ਗਈ ਸੀ। ਇਸ ਤੋਂ ਬਾਅਦ ਉਹਨਾਂ ਦੇ ਬੇਟੇ ਸੰਦੀਪ ਸਿੰਘ ਜਗਪਾਲ ਨੇ ਕੈਨੇਡਾ ਦੇ ਮਿਸੀਸਾਗਾ ਤੋਂ ਜ਼ਿਲ੍ਹਾ ਲੁਧਿਆਣਾ ਪੇਂਡੂ ਪੁਲਿਸ ਪ੍ਰਮੁੱਖ ਐਸਐਸਪੀ ਨਵਨੀਤ ਸਿੰਘ ਬੈਂਸ ਨੂੰ ਈਮੇਲ ਤੇ ਸ਼ਿਕਾਇਤ ਭੇਜ ਕੇ ਕੋਠੀ ਦੇ ਪੁਲਿਸ ਜਾਂਚ ਵਿੱਚ ਸਹੀ ਪਾਏ ਗਏ ਦੋਸ਼

## ਪੁਲਿਸ ਜਾਂਚ ਵਿੱਚ ਸਹੀ ਪਾਏ ਗਏ ਦੋਸ਼

ਪੁਲਿਸ ਵੱਲੋਂ ਕੀਤੀ ਗਈ ਜਾਂਚ ਵਿੱਚ ਸਾਰੇ ਦੋਸ਼ ਸਹੀ ਪਾਏ ਗਏ। ਜਿਸ ਦੇ ਬਾਅਦ ਐਸਐਸਪੀ ਨਵਨੀਤ ਸਿੰਘ ਬੈਂਸ ਦੇ ਆਦੇਸ਼ਾਂ ਤੇ ਥਾਣਾ ਸੁਧਾਰ ਵਿੱਚ ਗੁਰਪ੍ਰੀਤ ਕੌਰ ਗੁਰੀ ਨਿਵਾਸੀ ਸਹੋਲੀ, ਅਰਵਿੰਦ ਕੁਮਾਰ ਰਾਏ ਨਿਵਾਸੀ ਬਿਹਾਰ, ਜੈ ਕ੍ਰਿਸ਼ਨ ਸਾਹਨੀ ਨਿਵਾਸੀ ਬਿਹਾਰ, ਹਰਜੀਤ ਸਿੰਘ, ਬਲਵੀਰ ਸਿੰਘ ਨਿਵਾਸੀ ਚੌਕੀ ਮਾਣ ਜਗਰਾਉਂ ਅਤੇ ਸੁਖਦੇਵ ਸਿੰਘ ਨਿਵਾਸੀ ਲੁਧਿਆਣਾ ਦੇ ਖਿਲਾਫ ਧੋਖਾਧੜੀ ਦੀ ਧਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ। ਉਧਰ ਐਸ ਐਚ ਓ ਜਸਵਿੰਦਰ ਸਿੰਘ ਨੇ ਦੱਸਿਆ ਕਿ ਸਾਰੇ ਮੁਲਜ਼ਮ ਫਰਾਰ ਹੋ ਗਏ ਹਨ ਜਿਨਾਂ ਦੀ ਤਲਾਸ਼ ਵਿੱਚ ਛਾਪਾਮਾਰੀ ਕੀਤੀ ਜਾ ਰਹੀ ਹੈ

# ਜਰਮਨੀ 90 ਹਜ਼ਾਰ ਭਾਰਤੀਆਂ ਨੂੰ ਦੇਵੇਗਾ ਵਰਕ ਵੀਜ਼ਾ !

ਰੋਜ਼ਾਨਾ ਵਿਸ਼ਵ ਪੰਜਾਬੀ ਸਾਂਝ

ਅੰਮ੍ਰਿਤਸਰ :25 ਅਕਤੂਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ) ਨਵੀਂ ਦਿੱਲੀ (ਏਜੰਸੀ)- ਜਰਮਨੀ ਨੇ ਭਾਰਤ ਦੇ ਹੁਨਰਮੰਦ ਪੇਸ਼ੇਵਰਾਂ ਨੂੰ ਦਿੱਤੇ ਜਾਣ ਵਾਲੇ ਵੀਜ਼ਿਆਂ ਦੀ ਗਿਣਤੀ ਵਧਾਉਣ ਦਾ ਫੈਸਲਾ ਕੀਤਾ ਹੈ। ਜਰਮਨੀ ਹਰ ਸਾਲ ਸਿਰਫ 20 ਹਜ਼ਾਰ ਵੀਜ਼ੇ ਜਾਰੀ ਕਰਦਾ ਹੈ, ਜਿਸ ਨੂੰ ਹੁਣ ਵਧਾ ਕੇ 90 ਹਜ਼ਾਰ ਕਰ ਦਿੱਤਾ ਗਿਆ ਹੈ। ਜਰਮਨ ਸਰਕਾਰ ਦੇ ਇਸ ਫੈਸਲੇ ਨਾਲ ਦੋਵਾਂ ਦੇਸ਼ਾਂ ਵਿਚਾਲੇ ਮਜ਼ਬੂਤ ??ਆਰਥਿਕ ਅਤੇ ਪੇਸ਼ੇਵਰ ਸਬੰਧ ਬਣਾਉਣ 'ਚ ਮਦਦ ਮਿਲੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਜਰਮਨ ਵਪਾਰ ਦੀ 18ਵੀਂ ਏਸ਼ੀਆ ਪੈਸੀਫਿਕ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਇਹ ਜਾਣਕਾਰੀ ਦਿੱਤੀ। ਪੀ.ਐੱਮ. ਮੋਦੀ ਨੇ ਕਿਹਾ, ÷ਅਸੀਂ ਆਉਣ ਵਾਲੇ 25 ਸਾਲਾਂ ਵਿੱਚ ਵਿਕਸਤ ਭਾਰਤ ਲਈ ਇੱਕ ਰੋਡਮੈਪ ਤਿਆਰ ਕੀਤਾ ਹੈ। ਮੈਨੂੰ ਬਹੁਤ ਖੁਸ਼ੀ ਹੈ ਕਿ ਇਸ ਮਹੱਤਵਪੂਰਨ ਸਮੇਂ 'ਤੇ, ਜਰਮਨੀ ਦੀ ਕੈਬਨਿਟ ਨੇ 'ਫੋਕਸ ਆਨ ਇੰਡੀਆ' ਦਸਤਾਵੇਜ਼ ਜਾਰੀ ਕੀਤਾ ਹੈ। ਜਰਮਨੀ ਨੇ ਭਾਰਤੀਆਂ ਦੇ ਹੁਨਰ ਨੂੰ ਵਿਕਸਿਤ ਕਰਨ ਲਈ ਵੀਜ਼ਾ ਸੰਖਿਆ 20,000 ਤੋਂ ਵਧਾ ਕੇ 90,000 ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਲ ਜਰਮਨੀ ਦੇ ਵਿਕਾਸ ਨੂੰ ਇੱਕ ਨਵਾਂ ਹੁਲਾਰਾ ਮਿਲੇਗਾ। ਜਰਮਨੀ ਦੇ ਇਸ ਫੈਸਲੇ ਤੋਂ ਬਾਅਦ ਇਸ ਯੂਰਪੀ ਦੇਸ਼ ਵਿੱਚ ਭਾਰਤੀਆਂ ਲਈ ਨੌਕਰੀਆਂ ਦੇ ਹੋਰ ਮੌਕੇ ਪੈਦਾ ਹੋਣਗੇ

# ਐਫ.ਆਈ.ਆਰ. ਦਰਜ ਕਰਨ 'ਚ 30 ਸਾਲਾਂ ਦੀ ਦੇਰੀ ਨੂੰ ਐਫ.ਆਈ.ਆਰ. ਰੱਦ ਕਰਨ ਦਾ ਆਧਾਰ ਦੱਸਿਆ, ਸੋਮਵਾਰ ਨੂੰ ਹੋਵੇਗੀ ਸੁਣਵਾਈ

ਰੋਜ਼ਾਨਾ ਵਿਸ਼ਵ ਪੰਜਾਬੀ ਸਾਂਝ




ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੇ ਕਤਲ ਅਤੇ ਹੋਰ ਧਾਰਾਵਾਂ ਤਹਿਤ 6 ਮਈ, 2020 ਨੂੰ ਦਰਜ ਐਫ.ਆਈ.ਆਰ. ਨੂੰ ਰੱਦ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਪਟੀਸ਼ਨਕਰਤਾ ਨੇ ਕਿਹਾ ਕਿ ਪੰਜਾਬ ਪੁਲਿਸ ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਗ੍ਰਿਫਤਾਰ ਕਰਨਾ ਚਾਹੁੰਦੀ ਸੀ, ਇਸ ਲਈ 1991 ਦੇ ਕੇਸ 'ਚ 30 ਸਾਲ ਦੀ ਦੇਰੀ ਨਾਲ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਹਾਈ ਕੋਰਟ ਨੇ ਸੈਣੀ ਦੀ ਪਟੀਸ਼ਨ 'ਤੇ ਸੁਣਵਾਈ ਸੋਮਵਾਰ ਨੂੰ ਤੈਅ ਕੀਤੀ ਹੈ। ਸੈਣੀ ਨੇ ਹਾਈ ਕੋਰਟ ਨੂੰ ਦਸਿਆ ਕਿ ਉਹ 1982 ਬੈਚ ਦੇ ਆਈ.ਪੀ.ਐਸ. ਅਧਿਕਾਰੀ ਹਨ ਅਤੇ 36 ਸਾਲ ਪੰਜਾਬ ਪੁਲਿਸ 'ਚ ਸੇਵਾ ਨਿਭਾ ਚੁੱਕੇ ਹਨ। ਉਹ 30 ਜੂਨ, 2018 ਨੂੰ ਸੇਵਾਮੁਕਤ ਹੋਏ ਸਨ। ਅਦਾਲਤ ਨੂੰ ਦੱਸਿਆ ਗਿਆ ਕਿ ਪਟੀਸ਼ਨਕਰਤਾ ਨੂੰ ਸਿਆਸੀ ਕਾਰਨਾਂ ਕਰ ਕੇ ਵਾਰ-ਵਾਰ ਨਿਸ਼ਾਨਾ ਬਣਾਇਆ ਜਾ ਰਿਹਾ ਸੀ ਅਤੇ ਪੂਰੀ ਪੰਜਾਬ ਪੁਲਿਸ ਉਨ੍ਹਾਂ ਦੀ ਗ੍ਰਿਫਤਾਰੀ ਲਈ ਲਾਮਬੰਦ ਹੋ ਗਈ ਸੀ। ਇਸ ਤੋਂ ਬਾਅਦ 11 ਅਕਤੂਬਰ 2018 ਨੂੰ ਹਾਈ ਕੋਰਟ ਨੇ ਡੀ.ਜੀ.ਪੀ., ਆਈ.ਜੀ.ਪੀ. ਜਾਂ ਵਿਭਾਗ ਮੁਖੀ ਦੇ ਤੌਰ 'ਤੇ ਆਪਣੇ ਕਾਰਜਕਾਲ ਦੌਰਾਨ ਕਿਸੇ ਵੀ ਮਾਮਲੇ 'ਚ ਪਟੀਸ਼ਨਕਰਤਾ ਦੀ ਗ੍ਰਿਫਤਾਰੀ 'ਤੇ ਰੋਕ ਲਗਾ ਦਿੱਤੀ ਸੀ। ਪਟੀਸ਼ਨਕਰਤਾ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਇਸ ਹੁਕਮ ਦੀ ਉਲੰਘਣਾ ਕੀਤੀ ਹੈ ਅਤੇ ਪਟੀਸ਼ਨਕਰਤਾ ਦੇ ਐੱਸ.ਐੱਸ.ਪੀ. ਵਜੋਂ ਕਾਰਜਕਾਲ ਦੌਰਾਨ 1991 ਦੇ ਇਕ ਕੇਸ 'ਚ 2020 'ਚ ਐਫ.ਆਈ.ਆਰ. ਦਰਜ ਕੀਤੀ ਗਈ ਸੀ।

ਪਟੀਸ਼ਨਕਰਤਾ ਨੇ ਐਫ.ਆਈ.ਆਰ. 'ਚ 30 ਸਾਲਾਂ ਦੀ ਦੇਰੀ ਨੂੰ ਐਫ.ਆਈ.ਆਰ. ਰੱਦ ਕਰਨ ਦਾ ਆਧਾਰ ਦੱਸਿਆ। ਉਨ੍ਹਾਂ ਸੁਪਰੀਮ ਕੋਰਟ ਵਲੋਂ ਪੰਜਾਬ ਰਾਜ ਬਨਾਮ ਦਵਿੰਦਰ ਪਾਲ ਸਿੰਘ ਭੁੱਲਰ ਕੇਸ 'ਚ ਐਫ.ਆਈ.ਆਰ. ਰੱਦ ਕਰਨ ਦੇ ਹੁਕਮ ਦਾ ਵੀ ਹਵਾਲਾ ਦਿਤਾ। ਇਹ ਵੀ ਕਿਹਾ ਗਿਆ ਹੈ ਕਿ ਇਹ ਘਟਨਾ ਚੰਡੀਗੜ੍ਹ ਦੀ ਹੈ ਜਦਕਿ ਐਫ.ਆਈ.ਆਰ. ਮੋਹਾਲੀ 'ਚ ਦਰਜ ਕੀਤੀ ਗਈ ਹੈ। ਪਟੀਸ਼ਨਕਰਤਾ ਨੇ ਕਿਹਾ ਕਿ ਪਹਿਲਾਂ ਦੀ ਐਫ.ਆਈ.ਆਰ. 'ਚ ਕਤਲ ਦੀ ਧਾਰਾ ਨਹੀਂ ਜੋੜੀ ਗਈ ਸੀ ਪਰ ਬਾਅਦ 'ਚ ਪਟੀਸ਼ਨਕਰਤਾ ਨੂੰ ਗ੍ਰਿਫਤਾਰ ਕਰਨ ਦੇ ਉਦੇਸ਼ ਨਾਲ ਇਸ ਨੂੰ ਜੋੜਿਆ ਗਿਆ ਸੀ।






# ਹਰਿਆਣਾ ਤੇ ਮਿਜ਼ੋਰਮ ਦੇ ਮੁੱਖ ਮੰਤਰੀਆਂ ਵੱਲੋਂ ਮੋਦੀ ਨਾਲ ਮੁਲਾਕਾਤ



ਦਿੱਲੀ, 26 ਅਕਤੂਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)–
CMs of Haryana, Mizoram call on Modi: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸ਼ਨਿੱਚਰਵਾਰ ਨੂੰ ਇਥੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਮਿਜ਼ੋਰਮ ਦੇ ਮੁੱਖ ਮੰਤਰੀ ਲਾਲ ਦੂਹੋਮਾ ਨੇ ਵੱਖੋ-ਵੱਖਰੇ ਤੌਰ 'ਤੇ ਮੁਲਾਕਾਤਾਂ ਕੀਤੀਆਂ। ਇਹ ਜਾਣਕਾਰੀ ਪ੍ਰਧਾਨ ਮੰਤਰੀ ਦਫ਼ਤਰ (PMO) ਨੇ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉਤੇ ਪਾਈ ਇਕ ਪੋਸਟ ਰਾਹੀਂ ਦਿੱਤੀ ਹੈ।ਇਸ ਪੋਸਟ ਵਿਚ ਕਿਹਾ ਗਿਆ ਹੈ, "ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ।" ਇਸੇ ਤਰ੍ਹਾਂ ਇਕ ਹੋਰ ਪੋਸਟ ਵਿਚ ਕਿਹਾ ਗਿਆ ਹੈ, "ਮਿਜ਼ੋਰਮ ਦੇ ਮੁੱਖ ਮੰਤਰੀ ਸ੍ਰੀ ਲਾਲ ਦੂਹੋਮਾ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ।"

# ਜਲੰਧਰ ਦੀ ਰੇਚਲ ਗੁਪਤਾ ਮਿਸ ਗ੍ਰੈਂਡ ਇੰਟਰਨੈਸ਼ਨਲ ਤਾਜ ਜਿੱਤਣ ਵਾਲੀ ਪਹਿਲੀ ਭਾਰਤੀ ਬਣੀ



ਜਲੰਧਰ, 26 ਅਕਤੂਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)–
ਜਲੰਧਰ ਦੀ 20 ਸਾਲਾ ਰੇਚਲ ਗੁਪਤਾ 25 ਅਕਤੂਬਰ ਨੂੰ ਥਾਈਲੈਂਡ ਦੇ ਬੈਂਕਾਕ ਵਿੱਚ ਐੱਮਜੀਆਈ ਹੈੱਡਕੁਆਰਟਰ ਵਿਚ ਇੱਕ ਸਮਾਗਮ ਵਿੱਚ ਮਿਸ ਗ੍ਰੈਂਡ ਇੰਟਰਨੈਸ਼ਨਲ (MGI), 2024 ਦਾ ਤਾਜ ਪਹਿਨਣ ਵਾਲੀ ਪਹਿਲੀ ਭਾਰਤੀ ਬਣ ਗਈ ਹੈ। ਮਿਸ ਗ੍ਰੈਂਡ ਇੰਟਰਨੈਸ਼ਨਲ ਨੂੰ ਵਿਸ਼ਵ ਦੇ ਪ੍ਰਮੁੱਖ ਸੁੰਦਰਤਾ ਮੁਕਾਬਲਿਆਂ ਵਿੱਚੋਂ ਇੱਕ ਵਜੋਂ ਜਾਣਿਆ ਜਾਂਦਾ ਹੈ। ਇਸ ਦੇ 'ਤੇ ਪੰਜ ਮਿਲੀਅਨ ਤੋਂ ਵੱਧ ਫਾਲੋਅਰਜ਼ ਹਨ ਰੇਚਲ, ਇੱਕ ਸਾਬਕਾ ਮਿਸ ਸੁਪਰ ਟੇਲੈਂਟ ਆਫ ਦਿ ਵਰਲਡ 2022 ਨੇ ਅਗਸਤ ਵਿੱਚ ਜੈਪੁਰ ਵਿੱਚ ਆਯੋਜਿਤ ਇੱਕ ਕੌਮਾਂਤਰੀ ਮੁਕਾਬਲੇ ਵਿੱਚ ਮਿਸ ਗ੍ਰੈਂਡ ਇੰਡੀਆ ਦਾ ਖ਼ਤਾਬ ਜਿੱਤ ਕੇ ਅੰਤਰਰਾਸ਼ਟਰੀ ਮੰਚ 'ਤੇ ਇੱਕ ਸਥਾਨ ਪ੍ਰਾਪਤ ਕੀਤਾ। 70 ਤੋਂ ਵੱਧ ਦੇਸ਼ਾਂ ਦੇ ਭਾਗੀਦਾਰਾਂ ਦੇ ਵਿਰੁੱਧ ਮੁਕਾਬਲਾ ਕਰਦੇ ਹੋਏ ਰੇਚਲ ਪੂਰੇ ਮੁਕਾਬਲੇ ਦੌਰਾਨ ਚੋਟੀ ਦੇ ਦਾਅਵੇਦਾਰਾਂ ਵਿੱਚੋਂ ਇੱਕ ਰਹੀ। ਉਸਨੇ ਗ੍ਰੈਂਡ ਪੇਜੈਂਟਸ ਚੁਆਇਸ ਅਵਾਰਡ 2024 ਵੀ ਜਿੱਤਿਆ। ਇੰਸਟਾਗ੍ਰਾਮ 'ਤੇ ਇੱਕ ਮਿਲੀਅਨ ਤੋਂ ਵੱਧ ਫਾਲੋਅਰਜ਼ ਦੇ ਨਾਲ ਰੇਚਲ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ। ਉਹ ਹੁਣ ਵਿਸ਼ਵ ਭਰ ਵਿੱਚ ਸ਼ਾਂਤੀ ਅਤੇ ਸਥਿਰਤਾ ਨੂੰ ਉਤਸ਼ਾਹਿਤ ਕਰਦੇ ਹੋਏ ਐੱਮਜੀਆਈ ਲਈ ਗਲੋਬਲ ਅੰਬੈਸਡਰ ਵਜੋਂ ਸੇਵਾ ਕਰੇਗੀ।ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਉਸ ਦੇ ਪਰਿਵਾਰਕ ਮੈਂਬਰ ਤੇਜਸਵੀ ਮਿਨਹਾਸ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਰੇਚਲ ਦੀ ਜਿੱਤ ਨੇ ਸ਼ਹਿਰ ਅਤੇ ਦੇਸ਼ ਦੋਵਾਂ ਦਾ ਮਾਣ ਵਧਾਇਆ ਹੈ।

# ਘਟਦੀ ਆਮਦਨ ਤੇ ਵਧਦੀ ਮਹਿੰਗਾਈ ਮਿਹਨਤੀ ਗਰੀਬ ਲੋਕਾਂ ਦੇ ਸੁਪਨਿਆਂ 'ਤੇ ਡਾਕਾ: ਰਾਹੁਲ

## ਦੁਕਾਨ ਵਿਚ ਨਾਈ ਨਾਲ ਕੀਤੀ ਗੱਲਬਾਤ ਦੀ ਵੀਡੀਓ ਐਕਸ 'ਤੇ ਸਾਂਝੀ ਕੀਤੀ



ਨਵੀਂ ਦਿੱਲੀ, 26 ਅਕਤੂਬਰ,, (ਵਿਸ਼ਵ ਪੰਜਾਬੀ ਸਾਂਝ ਕੈਨੇਡਾ)–ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਅੱਜ ਇਕ ਦੁਕਾਨ ਵਿਚ ਨਾਈ ਦੇ ਰੂਬਰੂ ਹੁੰਦਿਆਂ ਕਿਹਾ ਕਿ ਘਟਦੀ ਆਮਦਨ ਤੇ ਸ਼ੂਟ ਵਟਦੀ ਮਹਿੰਗਾਈ ਮਿਹਨਤੀ ਗ਼ਰੀਬ ਲੋਕਾਂ ਦੇ ਸੁਪਨਿਆਂ 'ਤੇ ਡਾਕਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਲਈ ਨਵੀਆਂ ਸਕੀਮਾਂ ਦੀ ਲੋੜ ਹੈ ਤਾਂ ਕਿ ਉਹ ਪੈਸਾ ਬਚਾਅ ਕੇ ਆਪਣੇ ਘਰਾਂ ਨੂੰ ਲਿਜਾ ਸਕਣ। ਗਾਂਧੀ ਨੇ ਨਾਈ ਦੀ ਦੁਕਾਨ ਦੀ ਆਪਣੀ ਇਸ ਫੇਰੀ ਦੀ ਵੀਡੀਓ ਵੀ ਐਕਸ 'ਤੇ ਸਾਂਝੀ ਕੀਤੀ, ਜਿੱਥੇ ਉਹ ਆਪਣੀ ਦਾੜ੍ਹੀ ਕਟਵਾਉਂਦਿਆਂ ਨਾਈ ਨਾਲ ਗੱਲਬਾਤ ਕਰ ਰਹੇ ਹਨ। ਸਾਬਕਾ ਕਾਂਗਰਸ ਪ੍ਰਧਾਨ ਨੇ ਆਪਣੀ ਪੋਸਟ ਵਿਚ ਕਿਹਾ, "ਹੁਣ ਕੁਝ ਨਹੀਂ ਬਚਿਆ! ਅਜੀਤ ਭਾਈ ਦੇ ਇਹ ਚਾਰ ਸ਼ਬਦ ਤੇ ਉਸ ਦੇ ਅੱਥਰੂ ਭਾਰਤ ਦੇ ਹਰੇਕ ਮਿਹਨਤੀ ਗਰੀਬ ਤੇ ਮੱਧ ਵਰਗ ਦੇ ਵਿਅਕਤੀ ਦੀ ਕਹਾਣੀ ਬਿਆਨ ਕਰਦੇ ਹਨ।"

## ਭਾਜਪਾ ਦੀ 'ਟ੍ਰਿਪਲ ਇੰਜਣ ਸਰਕਾਰ' ਨੇ ਆਮ ਆਦਮੀ ਤੋਂ ਰੋਟੀ ਖੋਹੀ



ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਖ਼ੁਰਾਕੀ ਵਸਤਾਂ ਦੀਆਂ ਸ਼ੂਟ ਵਟਦੀਆਂ ਕੀਮਤਾਂ ਲਈ ਭਾਜਪਾ ਨੂੰ ਭੰਡਦੇ ਹੋਏ ਕਿਹਾ ਕਿ ਮਹਾਰਾਸ਼ਟਰ ਦੀ 'ਟ੍ਰਿਪਲ ਇੰਜਣ ਸਰਕਾਰ' ਜਿਸ ਨੇ 'ਪਿਛਲੇ ਦਰਵਾਜ਼ਿਓਂ ਸੱਤਾ ਹਾਸਲ ਕੀਤੀ ਸੀ', ਨੇ ਆਮ ਆਦਮੀ ਤੋਂ ਰੋਟੀ ਖੋਹ ਲਈ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੇ 20 ਨਵੰਬਰ ਦੀਆਂ ਅਸੈਂਬਲੀ ਚੋਣਾਂ ਵਿਚ ਵੋਟਾਂ ਪਾ ਕੇ ਭਾਜਪਾ ਤੇ ਇਸ ਦੇ ਭਾਈਵਾਲਾਂ ਨੂੰ ਸੱਤਾ 'ਚੋਂ ਬਾਹਰ ਦਾ ਰਾਹ ਦਿਖਾਉਣ ਦਾ ਮਨ ਬਣਾ ਲਿਆ ਹੈ।ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਖ਼ੁਰਾਕੀ ਵਸਤਾਂ ਦੀਆਂ ਸ਼ੂਟ ਵਟਦੀਆਂ ਕੀਮਤਾਂ ਲਈ ਭਾਜਪਾ ਨੂੰ ਭੰਡਦੇ ਹੋਏ ਕਿਹਾ ਕਿ ਮਹਾਰਾਸ਼ਟਰ ਦੀ 'ਟ੍ਰਿਪਲ ਇੰਜਣ ਸਰਕਾਰ' ਜਿਸ ਨੇ 'ਪਿਛਲੇ ਦਰਵਾਜ਼ਿਓਂ ਸੱਤਾ ਹਾਸਲ ਕੀਤੀ ਸੀ', ਨੇ ਆਮ ਆਦਮੀ ਤੋਂ ਰੋਟੀ ਖੋਹ ਲਈ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੇ 20 ਨਵੰਬਰ ਦੀਆਂ ਅਸੈਂਬਲੀ ਚੋਣਾਂ ਵਿਚ ਵੋਟਾਂ ਪਾ ਕੇ ਭਾਜਪਾ ਤੇ ਇਸ ਦੇ ਭਾਈਵਾਲਾਂ ਨੂੰ ਸੱਤਾ 'ਚੋਂ ਬਾਹਰ ਦਾ ਰਾਹ ਦਿਖਾਉਣ ਦਾ ਮਨ ਬਣਾ ਲਿਆ ਹੈ।

# ਪੁਲਾੜ ਵਿਚ ਫਸੇ ਚਾਰ ਯਾਤਰੀ ਧਰਤੀ 'ਤੇ ਮੁੜੇ

ਕੈਨਾਵੇਰਲ,26 ਅਕਤੂਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)–ਬੋਇੰਗ ਦੇ ਕੈਪਸੂਲ ਵਿਚ ਖਰਾਬੀ ਆਉਣ ਕਾਰਨ ਅਤੇ ਤੂਫ਼ਾਨ ਮਿਲਟਨ ਦੇ ਕਾਰਨ ਕਰੀਬ ਅੱਠ ਮਹੀਨੇ ਪੁਲਾੜ ਸਟੇਸ਼ਨ 'ਤੇ ਬਿਤਾਉਣ ਬਾਅਦ ਚਾਰ ਯਾਤਰੀ ਸ਼ੁੱਕਰਵਾਰ ਧਰਤੀ 'ਤੇ ਵਾਪਸ ਆ ਗਏ। ਸਪੇਸਐਕਸ ਦੇ ਕੈਪਸੂਲ ਵਿਚ ਪੁਲਾੜ ਯਾਤਰੀ ਪੈਰਾਸ਼ੂਟ ਦੀ ਮਦਦ ਨਾਲ ਫਲੋਰੀਡਾ ਦੇ ਤੱਟ ਕੋਲ ਮੈਕਸਿਕੋ ਦੀ ਖਾੜੀ 'ਤੇ ਉਤਰੇ। ਇਨ੍ਹਾਂ ਤਿੰਨ ਅਮਰੀਕੀ ਅਤੇ ਇਕ ਰੂਸੀ ਪੁਲਾੜ ਯਾਤਰੀਆਂ ਨੇ ਦੋ ਮਹੀਨੇ ਪਹਿਲਾਂ ਧਰਤੀ 'ਤੇ ਮੁੜਨਾ ਸੀ। ਪਰ ਬੋਇੰਗ ਦੇ ਨਵੇਂ ਸਟਾਰਲਾਈਨਰ ਪੁਲਾੜ ਕੈਪਸੂਲ ਵਿਚ ਸਮੱਸਿਆ ਆਉਣ ਕਾਰਨ ਉਨ੍ਹਾਂ ਦੀ ਵਾਪਸੀ ਵਿਚ ਦੇਰੀ ਹੋਈ। ਸਪੇਸ ਐਕਸ ਨੇ ਮਾਰਚ ਵਿਚ ਨਾਸਾ ਦੇ ਮੈਥਯੂ ਡੋਮੀਨਿਕ, ਮਾਈਕਲ ਬੈਰੇਟ ਅਤੇ ਜੀਨੇਟ ਐਪਸ ਅਤੇ ਰੂਸ ਦੇ ਐਲੇਕਜ਼ੈਂਡਰ ਗੇਬ੍ਰੇਂਕਿਨ ਨੂੰ ਪੁਲਾੜ ਭੇਜਿਆ ਸੀ। ਜ਼ਿਕਰਯੋਗ ਹੈ ਸਪੇਸਐਕਸ ਨੇ ਕਿ ਚਾਰ ਹਫ਼ਤੇ ਪਹਿਲਾਂ ਦੋ ਪੁਲਾੜ ਯਾਤਰੀਆਂ ਨੂੰ ਭੇਜਿਆ ਸੀ ਜੋ ਕਿ ਫਰਵਰੀ ਮਹੀਨੇ ਤੱਕ ਉਥੇ ਰਹਿਣਗੇ।

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !
ਹੁਣ ਤੁਹਾਡੀ ਸੇਵਾ ਵਿੱਚ
BRAMPTON CASH & CARRY
ਦੀ ਇੱਕ ਨਵੀਂ ਬਰਾਂਚ ਬਹੁਤ ਜਲਦ ਖੁੱਲ ਰਹੀ ਹੈ |
ਇਸ ਗੱਲ ਦਾ ਖੁਲਾਸਾ ਉਘੇ ਉਦਯੋਗਪਤੀ ਦਲਬੀਰ ਸਿੰਘ ਕਥੂਰੀਆ ਨੇ ਕੀਤਾ
3643 Portage Rd, Niagara Falls
416-700-9100

## ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

**ਲਿਖਤਾਂ ਭੇਜਣ ਲਈ ਈਮੇਲ ਪਤਾ**
**vishavPunjabisanjh@gmail.com**

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ


ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਂਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

AASHIRVAAD
AASHIRVAAD ATTA
Weight 20 Pond




Price $12.99
BRAMPTON CASH & CARRY
I am Sorry !!!!!
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800


BRAMPTON CASH AND CARRY
WHOLESALER
IMPORTER
DISTRIBUTOR
RETAILER
Wholesaler, Importer,
Distributor & Retailer
of Restaurants Supply
STAR SALT
LUX
MARIE
fortune
Surf
Vim
kissan
Basundi Masala Mix
BRAMPTON
CASH & CARRY
Brampton CashandCarry2023@gmail.com
905-230-4800
100 Kennedy Road S., Brampton, ON L6W 3E7


AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA


ROYAL SHIELD GROUP
SUPER VISA INSURANCE
EMERGENCY MEDICAL INSURANCE FOR
STUDENTS
VISITORS
WORK PERMIT HOLDERS
CHILD PLAN
Do you want to give a Life Time Gift to your Child? Call Now to set up this plan!
A MAGICAL POLICY
20 Years To Pay!
SAHAS BRAR
416-660-6151
PASSPORT
VISA
TEHAL SINGH BRAR
INSURANCE ADVISOR
905-782-2013


AAPKI PASAND ATTA
$9.99
Weight 20LB
LAYALPUR ATTA BISCUIT
$11.99
BEST FOOD RUSK
2 FOR $5
SHER ATTA
$13.49
Weight 20LB
DAHI MODHANI
$2.49
Weight 750gm
DAHI MODHANI
$9.99
Weight 2kg
RAJDHANI MUSTARD OIL
$19.99
Weight 5L
RAJDHANI MUSTARD OIL
$8.49
Weight 2L
BROWN SUGAR
$9.99
Weight 11LB
WHITE ONION
$17.99
Weight 50LB
RED ONION
$18.99
Weight 25LB
RED ONION
$7.99
Weight 10LB
TOMATO
$0.99
Weight 1LB
GREEN PEPPERS
$0.99
Weight 1LB
INDIA GATE HARROZ RICE
$7.99
Weight 8LB
RED LABEL TEA
$9.99
Weight 900gm
CAPRI VEGET-ABLE OIL
$32.99
Weight 16L
PLASTIC GLASS (7 OZ)
$2.99
50pcs
6 COMPARTMENT THALI CAN GREEN
$7.99
40pcs
SPOON/FORK
$13.99
1000pcs
MAGGI MASALA NOODLES
3 for $1
QUALITY BASMATI RICE
$32
Weight 40LB
ULTRA PUEMIUM TOILET ROLL
$6.99
12 ROLLS
APKI PASAND GOLGAPA
$3.99
TABLEWARE CUTLERY KIT
$7.99
WALNUTS HALVES
$3.99
Weight 1LB
AAPKI PASAND COOKIES
$3.99
Weight 2.2LB
COULI FLOWER
$1.99
BRAR BESAN
$3.99
Weight 4LB
KHUSHBOO RICE
$9.99
Weight 10LB
ORGANIC PEARL RICE
$9.98
Weight 10LB
MODHANI PANEER
$4.99
Weight 354gm
OPEN EVERYDAY FROM 9:00 AM TO 9:00 PM
BRAMPTON
CASH & CARRY
IMPORTER | WHOLESALER | RETAILER
CONTACT:-
+1 (204) 560-7111
ADDRESS:- 1315 INKSTER BLVD, WINNIPEG MB